*International Journal of Information Movement* ***Vol. VII Issue II (June 2022)***

***Website: www.ijim.in ISSN: 2456-0553 (online) Pages 27-29***

# ਆਧੁਨਿਕ ਦੌਰ ਵਿਚ ਨਾਨਕ ਸਿੰਘ ਦੀ ਨਾਵਲ ਸ਼ੈਲੀ ਨਾਲ਼ ਲਬਰੇਜ਼ ਨਾਵਲ ਰਿਸ਼ਮਾਂ ਦੀ ਰਿਮ-ਝਿਮ

**ਡਾ. ਪਰਮਿੰਦਰ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ
ਯੂਨੀਵਰਸਿਟੀ ਕਾਲਜ, ਜੈਤੋ (ਫ਼ਰੀਦਕੋਟ)
(ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਕਾਂਸਟੀਚੂਐਂਟ ਕਾਲਜ)
Email: drtaggar@gmail.com

ਪੰਜਾਬੀ ਨਾਵਲਕਾਰੀ ਵਿਚ ਜੋ ਸਥਿਤੀਆਂ ਅਤੇ ਸੰਭਾਵਨਾਵਾਂ ਨਾਨਕ ਸਿੰਘ ਵਰਗੇ ਨਾਵਲਕਾਰਾਂ ਨੇ ਸਿਰਜੀਆਂ ਹਨ ਉਹ ਬੇਸ਼ਕ ਅਜੋਕੇ ਦੌਰ ਵਿਚ ਓਨਾ ਮਹੱਤਵ ਨਾ ਰੱਖਦੀਆਂ ਹੋਣ ਪ੍ਰੰਤੂ ਇਸ ਗੱਲ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਨਾਨਕ ਸਿੰਘ ਨੇ ਪੰਜਾਬੀ ਨਾਵਲਕਾਰੀ ਨੂੰ ਪੰਜਾਬੀ ਲੋਕਾਂ ਵਿਚ ਜਿਸ ਤਰ੍ਹਾਂ ਆਤਮਸਾਤ ਕੀਤਾ ਉਸ ਦੀ ਮਿਸਾਲ ਲੱਭਣੀ ਮੁਸ਼ਕਲ ਹੈ। ਬਹੁਤ ਸਾਰੇ ਆਲੋਚਕ ਹਮੇਸ਼ਾ ਅੰਤਰਰਾਸ਼ਟਰੀ ਪ੍ਰਸਿਧੀ ਵਾਲੇ ਪੱਛਮੀ ਨਾਵਲਕਾਰਾਂ ਨਾਲ ਤੁਲਨਾ ਕਰਦਿਆਂ ਪੰਜਾਬੀ ਨਾਵਲ ਨੂੰ ਛੁਟਿਆ ਕੇ ਪੇਸ਼ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਪ੍ਰੰਤੂ ਅਜਿਹਾ ਵਰਤਾਰਾ ਬਹੁਤ ਅਫ਼ਸੋਸ ਭਰਪੂਰ ਹੈ। ਕਿਉਂਕਿ ਹਰ ਖਿੱਤੇ ਦਾ ਇਕ ਭੂਗੋਲਕ ਅਤੇ ਸਮਾਜਕ ਵਰਤਾਰਾ ਹੁੰਦਾ ਹੈ ਜਿਹੜਾ ਉਸ ਖਿੱਤੇ ਦੇ ਸਾਹਿਤ ’ਤੇ ਬਕਾਇਦਾ ਅਸਰ ਅੰਦਾਜ਼ ਹੁੰਦਾ ਹੈ। ਬੇਸ਼ਕ ਹਰ ਸਾਹਿਤ ਰੂਪ ਹੌਲੀ-ਹੌਲੀ ਸਮੇਂ ਦੇ ਵੇਗ ਨਾਲ ਆਪਣੇ ਵਿਚ ਨਵੀਆਂ ਸੰਭਾਵਨਾਵਾਂ ਪੈਦਾ ਕਰਦਾ ਰਹਿੰਦਾ ਹੈ ਪਰ ਇਸ ਵਿਚ ਕੋਈ ਅਤਕਥਨੀ ਨਹੀਂ ਕਿ ਉਸਦੇ ਮੁਢਲੇ ਵਜੂਦ ਨੂੰ ਸਾਕਾਰ ਕਰਨ ਵਿਚ ਮੁੱਢਲੇ ਸਾਹਿਤਕਾਰਾਂ ਦਾ ਵਡਮੁੱਲਾ ਯੋਗਦਾਨ ਹੁੰਦਾ ਹੈ।

ਪੰਜਾਬੀ ਨਾਵਲਕਾਰੀ ਦੇ ਆਧੁਨਿਕ ਦੌਰ ਵਿਚ ਨਾਨਕ ਸਿੰਘ ਦੀ ਸ਼ੈਲੀ ਦਾ ਇਕ ਨਾਵਲ ਆਇਆ ਹੈ ‘ਰਿਸ਼ਮਾਂ ਦੀ ਰਿਮ-ਝਿਮ’। ਇਸ ਨਾਵਲਕਾਰ ਦੇ ਰਚੇਤਾ ਹਰਨਾਮ ਸਿੰਘ ਹਰਲਾਜ਼ ਦਾ ਇਹ ਪਲੇਠਾ ਨਾਵਲ ਹੈ। ਹਰਨਾਮ ਸਿੰਘ ਹਰਲਾਜ਼ ਸਿਖਿਆ ਵਿਭਾਗ ਤੋਂ ਬਤੌਰ ਲੈਕਚਰਰ ਸੇਵਾ ਮੁਕਤ ਹੋਇਆ ਪ੍ਰੋੜ ਉਮਰ ਦਾ ਸਾਹਿਤਕਾਰ ਹੈ। ਅਧਿਆਪਕ ਹੁੰਦਿਆਂ ਖੱਬੇ ਪੱਖੀ ਵਿਚਾਰਾਂ ਨੂੰ ਪਰਨਾਇਆ ਇਹ ਸਾਹਿਤਕਾਰ ਟ੍ਰੇਡ ਯੂਨੀਅਨਾਂ ਵਿਚ ਸਰਗ਼ਰਮ ਰਿਹਾ ਹੈ। ਉਸ ਦਾ ਨਾਵਲ ‘ਰਿਸ਼ਮਾਂ ਦੀ ਰਿਮ-ਝਿਮ’ ਉਸ ਦੇ ਜੀਵਨ ਕਾਲ ਵਿਚ ਵਾਪਰਿਆ ਬਹੁਤ ਸਾਰਾ ਯਥਾਰਥ ਹੈ ਜਿਸ ਵਿਚ ਉਸ ਨੇ ਕਿਤੇ- ਕਿਤੇ ਆਦਰਸ਼ਕ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਹਰਨਾਮ ਸਿੰਘ ਹਰਲਾਜ ਦੇ ਇਸ ਨਾਵਲ ਦੇ ਦੋ ਭਾਗ ਹਨ ਅਤੇ ਇਹ ਇਕ ਵੱਡ ਅਕਾਰੀ ਗਲਪ ਰਚਨਾ ਹੈ। ਪਹਿਲਾ ਭਾਗ ਦੇਸ਼ ਵੰਡ ਕਾਰਨ ਘਰੋਂ ਬੇਘਰ ਹੋਈ ਰੀਫ਼ਿਊਜ਼ੀ ਪਰਿਵਾਰ ਦੀ ਦਾਸਤਾਂ ਤੋਂ ਅਰੰਭ ਹੁੰਦਾ ਹੈ। ਨਿਮਨ ਮਧਵਰਗੀ ਪਰਿਵਾਰਾਂ ਦੇ ਯਥਾਰਥਕ ਵਰਨਣ ਅਤੇ ਅੰਤ ਤੱਕ ਅਨੇਕਾਂ ਪਾਤਰਾਂ ਦੇ ਰੂਪ ਵਿਚ ਰੂਪਮਾਨ ਹੁੰਦੇ ਹਨ ਅਤੇ ਜੀਵਨ ਸੰਘਰਸ਼ ਤੇ ਰਾਜਨੀਤਕ ਪੈੜ-ਚਾਲ ਪੇਸ਼ ਹੁੰਦੀ ਹੈ। ‘ਧੀਰਜ’ ਅਤੇ ‘ਸੁਰੱਸਤੀ’ ਨਾਵਲ ਦੇ ਦੋ ਅਹਿਮ ਪਾਤਰ ਹਨ ਜਿਹੜੇ ਭਾਰਤੀ ਜਾਤੀਵਾਦੀ ਸਮਾਜਕ ਸਿਸਟਮ ਨਾਲ ਦੋ-ਚਾਰ ਹੋਣ ਦੇ ਨਾਲ-ਨਾਲ ਬਸਤੀਵਾਦੀ ਸਿਸਟਮ ਵਿਚ

ਯਾਂਤਰਿਕ ਪ੍ਰਬੰਧ ਦੀ ਊਣਤਾਈਆਂ ਵਿਰੁੱਧ ਡੱਟਦੇ ਦਿਖਾਏ ਗਏ ਹਨ। 'ਇਹ ਸੰਘਰਸ਼ ਨਿੱਜੀ ਸਬੰਧਾਂ, ਪਰਵਾਰਕ ਪ੍ਰਵੇਸ਼ ਤੇ ਸਮਾਜਿਕ ਵਰਤਾਰਿਆਂ ਤੋਂ ਲੈ ਕੇ, ਸਿਖਿਆ ਪ੍ਰਬੰਧ, ਦਫ਼ਤਰੀ ਖੋਖਲੇਪਣ, ਰਾਜਸੀ ਜਕੜਬੰਦੀ ਤੱਕ, ਆਦਰਸ਼ਕ ਸੰਸਾਰ ਸਿਰਜਣ ਦੇ ਮਨੋਰਥ ਨਾਲ ਅੱਗੇ ਵਧਦਾ ਹੈ। ਸੰਘਰਸ਼ ਦਾ ਸਰੂਪ ਬਹੁਤੀ ਵਾਰ ਨਿਜ-ਪਰਕ ਸਬੰਧਾਂ ਨੂੰ ਪ੍ਰਗਤੀਸ਼ੀਲ ਵਿਚਾਰਧਾਰਾ ਦੇ ਪ੍ਰਭਾਵ ਹੇਠ ਆਦਰਸ਼ੀਕ੍ਰਿਤ ਸਬੰਧਾਂ ਵਿਚ ਢਾਲਣ ਲਈ ਸੇਧਿਤ ਹੈ। ਪਰੰਤੂ ਯਥਾਰਥ ਤੇ ਆਦਰਸ਼ ਵਿਚਕਾਰ ਮਾਰਗ, ਜਿਸ ਤਰ੍ਹਾਂ ਦੇ ਬਿਰਤਾਂਤ ਸਮੂਹਿਕ ਤੌਰ 'ਤੇ ਨਿੱਜੀ ਚੇਤਨਾ ਨੂੰ ਚਿੰਬੜੇ ਹੋਏ ਹਨ, ਉਨ੍ਹਾਂ ਦਾ ਵਿਸਥਾਪਨ ਹੀ ਸੰਘਰਸ਼ ਦੀਆਂ ਅਗਲੀਆਂ ਮੰਜ਼ਿਲਾਂ ਲਈ ਪਦ-ਚਿੰਨ੍ਹ ਪ੍ਰਦਾਨ ਕਰਦਾ ਹੈ। ਉਮਰ ਦੇ ਵੱਖ-ਵੱਖ ਪੜਾਅ 'ਤੇ ਇਹ ਬਿਰਤਾਂਤ ਜਾਤ, ਵਰਗ, ਰੁਤਬੇ, ਦੁਨਿਆਵੀ ਸਾਧਨ, ਵਿਚਾਰਧਾਰਾ ਹਰੇਕ 'ਤੇ ਹਾਵੀ ਹੁੰਦੇ ਹਨ। ਇੰਜ ਇਨ੍ਹਾਂ ਦਾ ਵਿਸਥਾਪਨ, ਅਨੇਕ ਪਰਤਾਂ 'ਚ ਬਹੁਭਾਂਤੀ ਸੰਘਰਸ਼ ਦੇ ਰੂਬਰੂ ਕਰਾਉਂਦਾ ਹੋਇਆ, ਨਾਇਕਾ ਤੇ ਨਾਇਕ ਦੇ ਨਿੱਜੀ ਬ੍ਰਿਤਾਂਤ ਤੇ ਜੀਵਨ ਕਰਮਾਂ ਨੂੰ ਨਿਵੇਕਲੀਆਂ ਜੀਵਨ ਛੋਹਾਂ ਪ੍ਰਦਾਨ ਕਰਦਾ ਹੈ। 1

ਨਾਵਲ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ ਜਿਸਦੇ ਪਹਿਲੇ ਭਾਗ ਵਿਚ ਭਾਰਤੀ ਸਮਾਜ ਦੀ ਕਰੂਰ ਜਾਤ-ਪਾਤੀ ਵਿਵਸਥਾ, ਉਲਝਿਆ ਸਮਾਜਕ ਤਾਣਾ-ਪੇਟਾ, ਸੰਪਰਦਾਇਕ ਪ੍ਰਪੰਚ ਪੇਸ਼ ਹੁੰਦੇ ਦੇਖੇ ਜਾ ਸਕਦੇ ਹਨ। ਨਾਵਲ ਦੇ ਪ੍ਰਮੁਖ ਪਾਤਰ ਧੀਰਜ ਅਤੇ ਸੁਰੱਸਤੀ ਇਨ੍ਹਾਂ ਸਾਰੀਆਂ ਸਥਿਤੀਆਂ ਨੂੰ ਆਦਰਸ਼ਕ ਢੰਗ ਨਾਲ ਖ਼ਤਮ ਕਰਨਾ ਲੋਚਦੇ ਹਨ। ਪਰ ਉਹ ਦੋਨੋਂ ਇਹ ਜਾਣਦੇ ਹਨ ਕਿ ਜਿਸ ਤਰ੍ਹਾਂ ਦੀ ਪਰੰਪਰਾਗਤ ਔਰਤ-ਮਰਦ ਦੇ ਰਿਸ਼ਤਿਆਂ ਦੀ ਸਥਿਤੀ ਹੈ ਉਸ ਸਥਿਤੀ ਵਿਚ ਉਨ੍ਹਾਂ ਦੇ ਇਛੁੱਕ ਰਿਸ਼ਤੇ ਪ੍ਰਵਾਨ ਚੜ੍ਹਨੇ ਆਸਾਨ ਨਹੀਂ ਹਨ। ਪਰੰਤੂ ਉਹ ਇਨ੍ਹਾਂ ਇਛੁੱਕ ਰਿਸ਼ਤਿਆਂ ਨੂੰ ਪ੍ਰਵਾਨ ਚੜ੍ਹਾਉਣ ਲਈ ਸਮਾਜਕ ਸੰਘਰਸ਼ ਵਿਚ ਕਾਮਯਾਬ ਹੁੰਦੇ ਦੇਖੇ ਜਾ ਸਕਦੇ ਹਨ। ਇਸ ਸੰਦਰਭ ਵਿਚ ਪਵਨ ਗੁਲਾਟੀ ਦਾ ਕਥਨ ਹੈ, 'ਨਿਆਂਕਾਰੀ ਤੇ ਆਦਰਸ਼ ਸਮਾਜ ਦੇ ਸੁਫ਼ਨੇ ਨੂੰ ਯਥਾਰਥ ਦਾ ਰੂਪ ਦੇਣ ਲਈ ਕਰਮਸ਼ੀਲ ਧੀਰਜ ਤੇ ਸੁਰੱਸਤੀ ਅਜਿਹੇ ਹੱਡ-ਮਾਸ ਦੇ ਪਾਤਰ ਹਨ ਜਿਹਨਾਂ ਨੂੰ ਨਾਰੀ ਮਰਦ ਦੇ ਪ੍ਰੰਪਰਾਗਤ ਅਤੇ ਇੱਛਤ ਦੋਵੇਂ ਰੂਪ ਗਿਆਤ ਹਨ ਪਰ ਉਹ ਸੁਚੇਤ ਤੌਰ 'ਤੇ ਆਦਰਸ਼ਕ ਜੀਵਨ ਜਾਂਚ ਤੇ ਮੁੱਲਾਂ ਲਈ ਸੰਘਰਸ਼ ਕਰਦੇ, ਸਹਿਜ ਭਾਵੀ ਜ਼ਿੰਦਗੀ ਜਿਉਂਦੇ ਹਨ। ਮੁਤਬਾਦਲ ਆਦਰਸ਼ੀ ਪ੍ਰਬੰਧ ਲਈ ਸਾਹਿਤ ਅਤੇ ਸਿਆਸਤ ਦੇ ਜਿਸ ਰਚਨਾਤਮਕ ਧਰਾਤਲ ਦੀ ਉਸਾਰੀ ਵਿਚ 'ਧੀਰਜ' ਕਰਮਸ਼ੀਲ ਹੈ, ਉਹ ਖ਼ੁਦ ਅਨੇਕਾਂ ਵਿਰੋਧਤਾਈਆਂ ਦਾ ਸ਼ਿਕਾਰ ਹੈ। ਇਹ ਧਰਾਤਲ ਸਹਿਜ ਭਾਵੀ ਪ੍ਰਗਤੀਸ਼ੀਲ ਸਿਆਸਤ ਨੂੰ ਮਾਅਰਕੇਬਾਜ਼ੀ ਤੇ 'ਰੀਟਾਰਿਕ (ਲਫ਼ਾਜ਼ੀ) ਮੁਖੀ ਸਿਆਸਤ ਤੱਕ ਸੀਮਤ ਰੱਖਣਾ ਚਾਹੁੰਦਾ ਹੈ। ਜਦ ਕਿ 'ਧੀਰਜ' ਆਪਣੇ ਨਾਮ ਵਾਂਙ, ਜੀਵਨ ਸੰਗਰਾਮ ਵਿਚ ਧੀਰਜ ਦਾ ਹੀ ਪ੍ਰਤੀਬਿੰਬ ਹੈ। ਘਰ ਦੇ ਪਰਿਵੇਸ਼, ਦਫ਼ਤਰ ਤੇ ਸਮਾਜ ਹਰ ਥਾਂ ਸੋਸ਼ਣ ਦੇ ਵੱਖੋ ਵੱਖਰੇ ਧਰਾਤਲ ਪ੍ਰਾਪਤ ਹੁੰਦੇ ਹਨ। ਸਧਾਰਣ ਮਨੁੱਖ ਨਾਇਕ ਉਦੋਂ ਹੀ ਬਣਦਾ ਹੈ ਜਦ ਉਹ ਅਲੋਚਨਾਤਮਕ ਤੇ ਵਿਸ਼ਲੇਸ਼ਣੀ ਪਹੁੰਚ ਅਪਣਾ ਕੇ ਇਨਸਾਨੀ ਵਜੂਦ ਤੇ ਯਥਾਰਥ ਨੂੰ ਬਿਹਤਰ ਬਨਾਉਣ ਲਈ ਪੇਸ਼ਕਦਮ ਹੋਵੇ।'2

ਧੀਰਜ ਦੀ ਪ੍ਰੇਮਿਕਾ ਸੁਰੱਸਤੀ ਜਿਸ ਨੂੰ ਨਾਵਲਕਾਰ ਧੀਰਜ ਮੂੰਹੋਂ 'ਸੁਰਾਂ' ਅਖਵਾਉਂਦਾ ਹੈ, ਉਹ ਸਾਹਿਤਕ ਮੱਸ ਰੱਖਣ ਵਾਲੀ ਅਗਾਂਹਵਧੂ ਵਿਚਾਰਾਂ ਦੀ ਧਾਰਨੀ ਪਾਤਰ ਹੈ। ਸਾਹਿਤਕ ਜੀਵਨ ਰਾਹੀਂ ਉਹ ਸਮਾਜ ਲਈ ਕੁਝ ਚੰਗਾ ਕਰ ਗੁਜ਼ਰਨ ਦਾ ਜਜ਼ਬਾ ਰੱਖਦੀ ਹੈ। ਇਹੀ ਕਾਰਨ ਹੈ ਕਿ ਉਸ ਪਰਵਾਰਕ ਪਿਛੋਕੜ ਵਿਚ ਪੇਸ਼ ਹੁੰਦੇ ਅਤੇ ਵਰਤਮਾਨ ਵਿਚ ਪੇਸ਼ ਹੁੰਦੇ ਪਾਤਰ

ਦਿਲਬਾਗ, ਨਿਰਮਲ ਕੌਰ ਅਤੇ ਬਚਨ ਸਿੰਘ ਜੀਵਨ ਵਿਚ ਸਹਿਜ ਭਾਵ ਨਾਲ ਵਿਚਰਨ ਦਾ ਜੀਵਨ ਢੰਗ, ਠਰੰਮਾ ਅਤੇ ਸਹਿਨਸ਼ੀਲਤਾ ਦਾ ਖ਼ਾਸਾ ਆਪਣੇ ਸਭਿਆਚਾਰ ਅਤੇ ਆਪਣੇ ਵਿਰਸੇ 'ਚੋਂ ਹਾਸਲ ਕਰਦੇ ਦੇਖੇ ਜਾ ਸਕਦੇ ਹਨ। ਧੀਰਜ ਰੇਲਵੇ ਵਿਚ ਨੌਕਰੀ ਕਰਦਾ ਹੈ ਅਤੇ ਟ੍ਰੇਡ ਯੂਨੀਅਨਿਸਟ ਹੈ। ਸੁਰੱਸਤੀ ਭਲਾਈ ਵਿਭਾਗ ਵਿਚ ਨੌਕਰੀ ਕਰਦੀ ਹੈ ਅਤੇ ਔਰਤਾਂ ਦੀ ਭਲਾਈ ਲਈ ਉਹ ਆਪਣੀ ਸਾਰੀ ਸਰਕਾਰੀ ਤਾਕਤ ਝੋਕ ਕੇ ਉਨ੍ਹਾਂ ਦੇ ਭਲੇ ਲਈ ਲਾਮਿਸਾਲ ਯਤਨ ਕਰਦੀ ਹੈ। ਦੋਨੋਂ ਹੀ ਫੋਕੀ ਨਾਅਰੇਬਾਜ਼ੀ ਅਤੇ ਦਿਖਾਵੇ ਦੇ ਸੰਘਰਸ਼ ਦੀ ਬਜਾਏ ਸੰਘਰਸ਼ ਰਾਹੀਂ ਕੁਝ ਕਰਕੇ ਦਿਖਾਉਣ ਵਿਚ ਵਿਸ਼ਵਾਸ ਰੱਖਣ ਵਾਲੇ ਪਾਤਰ ਹੋ ਨਿਬੜਦੇ ਹਨ।

ਨਾਵਲਕਾਰ ਹਰਨਾਮ ਸਿੰਘ ਹਰਲਾਜ਼ ਖੱਬੇ ਪੱਖੀ ਲਹਿਰ ਦੇ ਸੰਘਰਸ਼ ਨਾਲ ਵਾਬਸਤਾ ਰਿਹਾ ਹੈ ਜਿਸ ਕਰਕੇ ਉਹ ਇਸ ਲਹਿਰ ਨਾਲ ਜੁੜੇ ਲੋਕਾਂ ਦੀਆਂ ਖ਼ੂਬੀਆਂ ਤੇ ਊਣਤਾਈਆਂ ਤੋਂ ਭਲੀਭਾਂਤ ਵਾਕਫ਼ ਹੈ। ਧੀਰਜ ਰਾਹੀਂ ਨਾਵਲਕਾਰ ਦੱਸਦਾ ਹੈ ਕਿ ਉਸ ਦਾ ਪ੍ਰਤੀਕਰਮ ਯਥਾਰਥਕ ਤਾਂ ਹੈ ਪਰੰਤੂ ਸਮੂਹਕ ਤੌਰ 'ਤੇ ਸਮੂਹਿਕ ਸੰਘਰਸ਼ਾਂ ਦੀ ਬੇਚਾਰਗੀ ਦਾ ਚਿੱਤਰ ਵੀ ਪੇਸ਼ ਕਰਦਾ ਦੇਖਿਆ ਜਾ ਸਕਦਾ ਹੈ। ਧੀਰਜ ਸਭ ਕੁਝ ਸਮਝਦੇ ਹੋਏ ਵੀ ਸੰਘਰਸ਼ ਦਾ ਪੱਲਾ ਨਹੀਂ ਛੱਡਦਾ ਸਗੋਂ ਭਵਿੱਖ ਪ੍ਰਤੀ ਆਸਵੰਦ ਰਹਿੰਦਾ ਹੈ। ਨਾਵਲਕਾਰ ਖੱਬੇ ਪੱਖੀ ਲਹਿਰ ਦੀਆਂ ਕਮਜ਼ੋਰੀਆਂ ਨੂੰ ਜਾਣਦਾ ਵੀ ਹੈ ਅਤੇ ਇਨ੍ਹਾਂ ਕਮਜ਼ੋਰੀਆਂ ਦਾ ਕਿਤੇ ਨਾ ਕਿਤੇ ਮੁਜ਼ਾਹਰਾ ਵੀ ਕਰ ਜਾਂਦਾ ਹੈ। ਨਾਵਲ ਵਿਚ ਸਾਹਿਤਕ, ਸੰਗੀਤਕ, ਸਿਆਸਤ, ਟ੍ਰੇਡ ਯੂਨੀਅਨਵਾਦ ਵਿਚ ਰੁਝੀਆਂ ਸੰਸਥਾਵਾਂ ਦੇ ਸਿਧਾਂਤ ਅਤੇ ਅਮਲ ਵਿਚ ਅੰਤਰ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। 'ਨਾਵਲ ਨਿਕਟ ਰੂਪ ਵਿਚ ਕਰਨੀ ਤੇ ਕਥਨੀ ਦੇ ਮੁਜੱਸਮਿਆਂ ਪ੍ਰਤੀ ਸਨੇਹ ਭਾਵ ਸਿਰਜਦਾ, ਸਿਧਾਂਤ ਤੇ ਵਿਹਾਰ ਦੀ ਇਕਜੁਟਤਾ ਨੂੰ ਮਨਮੋਹਕ ਬਿਰਤਾਂਤ ਵਿਚ ਪੇਸ਼ ਕਰਦਾ ਹੈ।'

ਨਾਵਲ ਵਿਚ ਠੇਠ ਪੰਜਾਬੀ ਸ਼ਬਦਾਂ ਦੀ ਵਰਤੋਂ ਕੀਤੀ ਮਿਲਦੀ ਹੈ। ਵਿਚ ਵਿਚ ਪੋਠੋਹਾਰੀ ਅਤੇ ਲਹਿੰਦੀ ਦਾ ਪ੍ਰਭਾਵ ਵੀ ਦੇਖਣ ਨੂੰ ਮਿਲ ਜਾਂਦਾ ਹੈ। ਰਚਨਾਕਾਰ ਵੱਲੋਂ ਉਮਰ ਦੇ ਅੱਠਵੇਂ ਦਹਾਕੇ ਵਿਚ ਦਿੱਤਾ ਇਹ ਪਲੇਠਾ ਨਾਵਲ ਹੈ ਜਿਸ ਵਿਚ ਲੰਬੇ ਜੀਵਨ ਤਜਰਬੇ, ਸੰਜਮ ਅਤੇ ਠਹਿਰਾਓ, ਭਾਸ਼ਾ ਦਾ ਪੁਖ਼ਤਾ ਅੰਦਾਜ਼ ਪੇਸ਼ ਹੋਇਆ ਹੈ। ਸਮੁੱਚੇ ਤੌਰ 'ਤੇ ਨਾਵਲ ਰਿਸ਼ਮਾਂ ਦੀ ਰਿਮ-ਝਿਮ ਦੀ ਸ਼ੈਲੀ ਮੁਢਲੇ ਪੰਜਾਬੀ ਨਾਵਲ ਨਾਲ ਮੇਲ ਖਾਂਦੀ ਹੈ ਅਤੇ ਜਿਸ ਨੂੰ ਬਹੁਤੇ ਆਲੋਚਕ ਪਸੰਦ ਨਹੀਂ ਵੀ ਕਰਨਗੇ ਪਰੰਤੂ ਸਮੁੱਚੇ ਤੌਰ 'ਤੇ ਇਹ ਨਾਵਲ ਨਾਵਲਕਾਰ ਦੇ ਜ਼ਿੰਦਗੀ ਦੇ ਤਕਰੀਬਨ ਸੱਠ ਸਾਲਾਂ ਦੇ ਚੇਤਨ ਜੀਵਨ ਦਾ ਨਿਚੋੜ ਕਿਹਾ ਜਾ ਸਕਦਾ ਹੈ ਜਿਸ ਨੂੰ ਉਸ ਨੇ ਇਕ ਨਾਵਲ ਰਾਹੀਂ ਪੇਸ਼ ਕਰਕੇ ਇਕ ਲੇਖਕ ਵਜੋਂ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈ ਹੈ।

ਹਵਾਲੇ ਤੇ ਟਿੱਪਣੀਆਂ :

1. ਗੁਲਾਟੀ ਪਵਨ : ਰਿਸ਼ਮਾਂ ਦੀ ਰਿਮ ਝਿਮ ਨਾਵਲ ਪੜ੍ਹਦਿਆਂ, ਰਿਸ਼ਮਾਂ ਦੀ ਰਿਮ-ਝਿਮ, ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨਾ 07
2. ਉਹੀ, ਪੰਨਾ 07-08
3. ਉਹੀ, ਪੰਨਾ 09